# गिद्दा भगतां दा

विच तालियाँ लगियां रोनका भर गये सब बनेरे,
गिधा भगता दा पैंदा माता रत्नों दे वेहड़े,

लगियां प्रेम दियां अखियाँ नि माँ नाल पौनाहारी दे,
नाल पौनाहारी दे जी नाल दुधाथारी दे,
लगियां प्रेम दियां अखियाँ नि माँ नाल पौनाहारी दे,

दुरो दुरो संग चल बाबा जी दे आये,
सोहना ऐ नजारा ओहदे दर दा नि,
बाबा भगता दी खाली झोली भरदा नि.....

बारी बार बरसी खट्न गया सी खट के लेआन्दे मनके,
नि आज मेनू ना रोको सखियों मैं नचना मस्त मल्न्गनी बनके,

विच ख़ुशी दे भगता दे अज खिड़े पये ने चेहरे,
गिधा भगता दा पेंदा माता रत्नों दे वेहड़े..

बती बाल के बनेरे उते रखदी आ,
किते लंग ना जावे जोगी मेरा मेरा नि,
बती बाल के बनेरे उते रखदी आ,

एक ढाल पर तोता बोले एक ढाल पर मेना,
वेहड़े रतनो दे अज एह्दा ही भंगड़ा पैना,

कोई वंडदा प्रशाद रोट दा कोई बरफी कोई पेडे,
गिधा भगता दा पेंदा माता रत्नों दे वेहड़े,

नच लेन दे नि मेनू जोगी दे द्वारे अगे,
नच लेन दे नि मेनू जोगी दे द्वारे अगे,
नि मेनू बाबे दे रंगा विच रच लेन दे नि,
मेनू जोगी दे द्वारे अगे....
नच लेन दे नि मेनू जोगी दे द्वारे अगे,

जोगी रिधियाँ सिद्धियाँ करदा थेरी वांगु मंतर पड़दा,
ओहदी माला बोलियाँ पावे,
सुन भगता मनके ते मनका ठाह मनका,
जोगी दा मनका

चड़ गई ऐ बाबा सहनु लोर तेरे ना दी,
लोर तेरे नाम दी जी लोर तेरे नाम दी ,
चढ़ गई ऐ बाबा मेनू लोर तेरे नाम दी,

लेन देओ मेनू झूम झूम के मस्ती वाले गेडे,
गीधा भगता दा पेंदा माता रत्नों दे वेहड़े,

ਵਿੱਚ ਤਲਾਈਆਂ ਲੱਗੀਆਂ ਰੌਣਕਾਂ, ਭਰ ਗਏ ਸਭ ਬਨ੍ਹੇਰੇ x||
ਗਿੱਧਾ ਭਗਤਾਂ ਦਾ ਪੈਂਦਾ x||, ਮਾਤਾ ਰਤਨੋ ਦੇ ਵੇਹੜੇ ||

ਲੱਗੀਆਂ ਪ੍ਰੇਮ ਦੀਆਂ ਅੱਖੀਆਂ ਨੀ ਮਾਂ, ਨਾਲ ਪੌਣਹਾਰੀ ਦੇ ।
ਨਾਲ ਪੌਣਹਾਰੀ ਦੇ ਜੀ, ਨਾਲ ਦੁੱਧਾਧਾਰੀ ਦੇ ।
ਲੱਗੀਆਂ ਪ੍ਰੇਮ ਦੀਆਂ ਅੱਖੀਆਂ ਨੀ ਮਾਂ, ਨਾਲ ਪੌਣਹਾਰੀ ਦੇ,,,,

ਦੂਰੋਂ ਦੂਰੋਂ ਸੰਗ ਚੱਲ, ਬਾਬਾ ਜੀ ਦੇ ਆਏ x||,
ਸੋਹਣਾ ਏ ਨਜ਼ਾਰਾ, ਓਹਦੇ ਦਰ ਦਾ ਨੀ,
ਬਾਬਾ ਭਗਤਾਂ ਦੀ, ਖਾਲੀ ਝੋਲੀ ਭਰਦਾ ਨੀ,,,,,,,,,,

ਬਾਰ੍ਹੀ ਬਾਰ੍ਹੀ ਬਰਸੀ ਖੱਟਣ ਗਿਆ ਸੀ, ਖੱਟ ਕੇ ਲਿਆਂਦੇ ਮਣਕੇ x||,
ਨੀ ਅੱਜ ਮੈਨੂੰ ਨਾ ਰੋਕੋ ਸਖੀਓਂ, ਮੈਂ ਨੱਚਣਾ ਮਸਤ ਮਲੰਗਣੀ ਬਣਕੇ,,,,

ਵਿੱਚ ਖੁਸ਼ੀ ਦੇ ਭਗਤਾਂ ਦੇ ਅੱਜ, ਖਿੜੇ ਪਏ ਨੇ ਚੇਹਰੇ x||,
ਗਿੱਧਾ ਭਗਤਾਂ ਦਾ ਪੈਂਦਾ x||, ਮਾਤਾ ਰਤਨੋ ਦੇ ਵੇਹੜੇ,,,,,,,,,

ਬੱਤੀ ਬਾਲ ਕੇ ਬਨੇਰੇ ਉੱਤੇ ਰੱਖਦੀ ਆਂ ||,
ਕਿਤੇ ਲੰਘ ਨਾ ਜਾਵੇ ਜੋਗੀ ਮੇਰਾ, ਮੇਰਾ ਨੀ,
ਬੱਤੀ ਬਾਲ ਕੇ ਬਨੇਰੇ ਉੱਤੇ ਰੱਖਦੀ ਆਂ,,,,,,,,,

ਇਕ ਡਾਲ ਪਰ ਤੋਤਾ ਬੋਲੇ, ਇਕ ਡਾਲ ਪਰ ਮੈਨਾ x||,
ਵੇਹੜੇ ਰਤਨੋ ਦੇ, ਅੱਜ ਐਦਾ ਹੀ ਭੰਗੜਾ ਪੈਣਾ,,,,,,,,

ਕੋਈ ਵੰਡਦਾ ਪ੍ਰਸ਼ਾਦ ਰੋਟ ਦਾ, ਕੋਈ ਬਰਫੀ ਕੋਈ ਪੇੜੇ x||,
ਗਿੱਧਾ ਭਗਤਾਂ ਦਾ ਪੈਂਦਾ, ਮਾਤਾ ਰਤਨੋ ਦੇ ਵੇਹੜੇ,,,,,,,||

ਨੱਚ ਲੈਣ ਦੇ ਨੀ ਮੈਨੂੰ, ਜੋਗੀ ਦੇ ਦਵਾਰੇ ਅੱਗੇ x||
ਨੱਚ ਲੈਣ ਦੇ ਨੀ ਮੈਨੂੰ, ਜੋਗੀ ਦੇ ਦਵਾਰੇ ਅੱਗੇ ||
ਨੀ ਮੈਨੂੰ x||, ਬਾਬੇ ਦੇ ਰੰਗਾਂ ਵਿੱਚ, ਰੱਚ ਲੈਣ ਦੇ ਨੀ,
ਮੈਨੂੰ ਜੋਗੀ ਦੇ ਦਵਾਰੇ ਅੱਗੇ,,,,,,,,,,
ਨੱਚ ਲੈਣ ਦੇ ਨੀ ਮੈਨੂੰ, ਜੋਗੀ ਦੇ ਦਵਾਰੇ ਅੱਗੇ

ਜੋਗੀ ਰਿੱਧੀਆਂ ਸਿੱਧੀਆਂ ਕਰਦਾ, ਧੇਰੀ ਵਾਂਗੂ ਮੰਤਰ ਪੜ੍ਹਦਾ,
ਓਹਦੀ ਮਾਲਾ ਬੋਲੀਆਂ ਪਾਵੇ,,,,,
ਸੁਣ ਭਗਤਾ ਮਣਕੇ ਤੇ ਮਣਕਾ,,,,, ਠਾਹ ਮਣਕਾ
ਜੋਗੀ ਦਾ ਮਣਕਾ,,,,,,, ਠਾਹ ਮਣਕਾ

ਚੜ੍ਹ ਗਈ ਏ ਬਾਬਾ ਸਾਨੂੰ, ਲੋਰ ਤੇਰੇ ਨਾਮ ਦੀ
ਲੋਰ ਤੇਰੇ ਨਾਮ ਦੀ ਜੀ, ਲੋਰ ਤੇਰੇ ਨਾਮ ਦੀ
ਚੜ੍ਹ ਗਈ ਏ ਬਾਬਾ ਸਾਨੂੰ, ਲੋਰ ਤੇਰੇ ਨਾਮ ਦੀ

ਲੈਣ ਦਿਓ ਮੈਨੂੰ ਝੂਮ ਝੂਮ ਕੇ, ਮਸਤੀ ਵਾਲੇ ਗੇੜੇ xll,
ਗਿੱਧਾ ਭਗਤਾਂ ਦਾ ਪੈਂਦਾ, ਮਾਤਾ ਰਤਨੋ ਦੇ ਵੇਹੜੇ ll
ਅਪਲੋਡ ਕਰਤਾ- ਅਨਿਲ ਰਾਮੂਰਤੀ ਭੋਪਾਲ

https://visualasterisk.com/bhajan/lyrics/id/8661/title/gidha-bhagta-da-penda-ratno-de-vehde

अपने Android मोबाइल पर BhajanGanga App डाउनलोड करें और भजनों का आनंद ले |